University Hospitals Coventry and Warwickshire NHS Trust

# ਹਸਪਤਾਲ ਤੋਂ ਛੁੱਟੀ ਲੈਣ ਤੋਂ ਪਹਿਲਾਂ ਪਲਾਨ ਬਣਾਉਣਾ

ਇਹ ਲੀਫ਼ਲੈਟ ਦੱਸਦਾ ਹੈ ਕਿ ਹਸਪਤਾਲ ਤੋਂ ਛੁੱਟੀ ਲੈਣ ਤੋਂ ਪਹਿਲਾਂ ਅਸੀਂ ਪਲਾਨ ਬਣਾਉਣ ਵਿੱਚ ਤੁਹਾਡੀ ਕਿਵੇਂ ਮਦਦ ਕਰਦੇ ਹਾਂ।

## ਹਸਪਤਾਲ ਤੋਂ ਛੁੱਟੀ ਲੈਣ ਤੋਂ ਪਹਿਲਾਂ ਪਲਾਨ ਕਿਉਂ ਬਣਾਇਆ ਜਾਵੇ?

ਜਦੋਂ ਤੁਹਾਨੂੰ ਹਸਪਤਾਲ ਵਿੱਚ ਦੇਖਭਾਲ ਦੀ ਲੋੜ ਨਹੀਂ ਹੋਵੇਗੀ ਤਾਂ ਤੁਸੀਂ ਹਸਪਤਾਲ ਤੋਂ ਛੁੱਟੀ ਲੈ ਲਵੋਂਗੇ। ਅਸੀਂ ਤੁਹਾਡੇ ਨਾਲ ਚਰਚਾ ਕਰਾਂਗੇ ਅਤੇ ਫ਼ੈਸਲਾ ਲਵਾਂਗੇ ਕਿ ਤੁਸੀਂ ਕਦੋਂ ਹਸਪਤਾਲ ਤੋਂ ਛੁੱਟੀ ਲੈਣ ਵਾਸਤੇ ਤਿਆਰ ਹੋ। ਜਿਸ ਸਮੇਂ ਤੁਸੀਂ ਹਸਪਤਾਲ ਤੋਂ ਛੁੱਟੀ ਲੈਂਦੇ ਹੋ, ਉਸ ਨੂੰ "ਡਿਸਚਾਰਜ" ਕਿਹਾ ਜਾਂਦਾ ਹੈ।

ਅਸੀਂ ਤੁਹਾਨੂੰ ਹੁਣ ਪਲਾਨ ਬਣਾਉਣ ਵਿੱਚ ਮਦਦ ਕਰਦੇ ਹਾਂ ਤਾਂ ਕਿ ਤੁਸੀਂ ਹਸਪਤਾਲ ਤੋਂ ਛੁੱਟੀ ਲੈਣ ਵਾਸਤੇ ਤਿਆਰ ਹੋ ਸਕੋਂ। ਇਸ ਨਾਲ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲਦੀ ਹੈ ਕਿ ਤੁਸੀਂ ਸੁਰੱਖਿਅਤ ਹੋ ਅਤੇ ਛੁੱਟੀ ਮਿਲਣ 'ਤੇ ਤੁਹਾਨੂੰ ਜ਼ਰੂਰੀ ਦੇਖਭਾਲ ਉਪਲਬਧ ਹੋਵੇਗੀ।

## ਹਸਪਤਾਲ ਸਟਾਫ਼ ਤੋਂ ਕੀ ਉਮੀਦ ਕਰਨੀ ਚਾਹੀਦੀ ਹੈ

ਤੁਹਾਡੇ ਹਸਪਤਾਲ ਵਿੱਚ ਰਹਿਣ ਦੌਰਾਨ, ਅਸੀਂ ਤੁਹਾਡੇ ਨਾਲ ਚਰਚਾ ਕਰਾਂਗੇ ਅਤੇ ਪਲਾਨ ਬਣਾਵਾਂਗੇ:

- ਹਸਪਤਾਲ ਵਿੱਚ ਰਹਿਣ ਦੇ ਦੌਰਾਨ ਤੁਹਾਡੇ ਨਾਲ ਕੀ ਹੋਣ ਵਾਲਾ ਹੈ
- ਅਸੀਂ ਕਿਵੇਂ ਫ਼ੈਸਲਾ ਕਰਦੇ ਹਾਂ ਕਿ ਤੁਸੀਂ ਕਦੋਂ ਛੁੱਟੀ ਲੈਣ ਵਾਸਤੇ ਤਿਆਰ ਹੋ
- ਜਦੋਂ ਸਾਨੂੰ ਲਗਦਾ ਹੈ ਕਿ ਤੁਸੀਂ ਛੁੱਟੀ ਲੈਣ ਵਾਸਤੇ ਤਿਆਰ ਹੋ (ਡਿਸਚਾਰਜ ਦੀ ਮਿਤੀ)
- ਚਾਹੇ ਤੁਸੀਂ ਘਰ ਵਾਪਸ ਜਾਵੋਂ ਜਾਂ ਫਿਰ ਕਿਤੇ ਹੋਰ
- ਸੰਭਾਲ ਜਾਂ ਸਹਾਇਤਾ ਜਿਸ ਦੀ ਤੁਹਾਨੂੰ ਲੋੜ ਹੈ
- ਟ੍ਰਾਂਸਪੋਰਟ ਜਿਸ ਦੀ ਤੁਹਾਨੂੰ ਲੋੜ ਹੋ ਸਕਦੀ ਹੈ
- ਜੇਕਰ ਤੁਸੀਂ ਚਾਹੁੰਦੇ ਹੋ ਕਿ ਪਰਿਵਾਰ ਜਾਂ ਦੇਖਭਾਲ ਕਰਨ ਵਾਲੇ ਇਸ ਵਿੱਚ ਸ਼ਾਮਲ ਹੋਣ

## ਤੁਹਾਡੇ ਦੁਆਰਾ ਹਸਪਤਾਲ ਤੋਂ ਛੁੱਟੀ ਲੈਣ ਤੋਂ ਬਾਅਦ ਸੰਭਾਲ

ਹਸਪਤਾਲ ਆਉਣ ਤੋਂ ਪਹਿਲਾਂ ਦੀ ਤੁਲਨਾ ਵਿੱਚ ਹੁਣ ਤੁਹਾਨੂੰ ਵੱਧ ਦੇਖਭਾਲ ਦੀ ਲੋੜ ਹੋ ਸਕਦੀ ਹੈ। ਇਹ ਦੇਖਭਾਲ ਤੁਹਾਡੇ ਸਿਹਤ-ਲਾਭ ਜਾਂ ਸ਼ੌਰਟ-ਟਰਮ ਜ਼ਰੂਰਤਾਂ ਵਾਸਤੇ ਹੋ ਸਕਦੀ ਹੈ।

ਜ਼ਿਆਦਾਤਰ ਮਰੀਜ਼ ਘਰ ਚਲੇ ਜਾਂਦੇ ਹਨ ਜਾਂ ਆਪਣੇ ਕੇਅਰ ਹੋਮ ਵਿਖੇ ਵਾਪਸ ਚਲੇ ਜਾਂਦੇ ਹਨ। ਕਦੇ-ਕਦੇ ਮਰੀਜ਼ਾਂ ਨੂੰ ਭਾਈਚਾਰੇ ਵਿੱਚ ਕਿਸੇ ਸਥਾਨ ਦੁਆਰਾ ਦੇਖਭਾਲ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ।

## Hospital of St Cross, Rugby ਵਿਖੇ ਰਿਹੈਬਲੀਟੇਸ਼ਨ

ਜੇਕਰ ਤੁਹਾਨੂੰ ਇੱਕ ਮਰੀਜ਼ ਵਜੋਂ ਸ਼ੌਰਟ ਟਰਮ ਫਿਜ਼ੀਓਥੈਰੇਪੀ ਜਾਂ ਓਕਿਊਪੇਸ਼ਨਲ ਥੈਰੇਪੀ ਦੀ ਲੋੜ ਹੈ ਤਾਂ ਅਸੀਂ ਤੁਹਾਨੂੰ Hospital of St Cross, Rugby ਵਿਖੇ ਟ੍ਰਾਂਸਫਰ ਕਰ ਸਕਦੇ ਹਾਂ। Rugby ਰਿਹੈਬਲੀਟੇਸ਼ਨ ਵਿੱਚ ਇੱਕ ਥੈਰੇਪੀ ਜਿਮ ਅਤੇ ਮੁਲਾਂਕਣ ਰਸੋਈ ਹੈ ਜੋ ਤੁਹਾਡੀ ਰਿਕਵਰੀ ਵਿੱਚ ਮਦਦ ਕਰੇਗੀ। ਇਹ ਸੇਵਾ ਯੂਨੀਵਰਸਿਟੀ ਹਾਸਪਿਟਲ, ਕੋਵੈਂਟ੍ਰੀ ਵਿਖੇ ਉਪਲਬਧ ਨਹੀਂ ਹੈ।

ਅਸੀਂ ਆਪਣੇ ਹਸਪਤਾਲਾਂ ਦੀ ਸਰਵੋਤਮ ਤਰੀਕੇ ਨਾਲ ਵਰਤੋਂ ਕਰਨਾ ਚਾਹੁੰਦੇ ਹਾਂ। ਅਜਿਹਾ ਇਸਲਈ ਹੈ ਤਾਂ ਕਿ ਅਸੀਂ ਉਹਨਾਂ ਨਵੇਂ ਮਰੀਜ਼ਾਂ ਦੀ ਦੇਖਭਾਲ ਕਰ ਸਕੀਏ ਜੋ ਬਹੁਤ ਬਿਮਾਰ ਹਨ।

## ਛੁੱਟੀ ਲੈਣ ਦਾ ਦਿਨ (ਡਿਸਚਾਰਜ ਹੋਣ ਦਾ ਦਿਨ)

ਤੁਹਾਨੂੰ ਹਸਪਤਾਲ ਦੇ ਡਿਸਚਾਰਜ ਲਾਉਂਜ਼ ਵਿੱਚ ਉਦੋਂ ਤੱਕ ਉਡੀਕ ਕਰਨੀ ਹੋਵੇਗੀ ਜਦੋਂ ਤੱਕ ਕਿ ਹਸਪਤਾਲ ਛੱਡਣ ਦਾ ਸਮਾਂ ਨਾ ਹੋ ਜਾਵੇ। ਜੇਕਰ ਜ਼ਰੂਰੀ ਹੋਵੇ ਤਾਂ ਅਸੀਂ ਤੁਹਾਡੇ ਵਾਸਤੇ ਟ੍ਰਾਂਸਪੋਰਟ ਦੀ ਵਿਵਸਥਾ ਕਰਾਂਗੇ ਅਤੇ ਤੁਹਾਡੇ ਇੰਤਜ਼ਾਰ ਦੇ ਦੌਰਾਨ ਹੀ ਤੁਹਾਡੀ ਦਵਾਈ ਮੰਗਵਾ ਦੇਵਾਂਗੇ। ਇਸ ਨਾਲ ਸਾਨੂੰ ਉਸ ਖੇਤਰ ਵਿੱਚ ਨਵੇਂ ਮਰੀਜ਼ਾਂ ਦਾ ਸੁਆਗਤ ਕਰਨ ਵਿੱਚ ਮਦਦ ਮਿਲਦੀ ਹੈ ਜਿੱਥੇ ਤੁਸੀਂ ਦੇਖਭਾਲ ਪ੍ਰਾਪਤ ਕੀਤੀ ਸੀ।

ਜੇਕਰ ਤੁਹਾਨੂੰ ਇਹ ਜਾਣਕਾਰੀ ਕਿਸੇ ਹੋਰ ਭਾਸ਼ਾ ਜਾਂ ਫਾਰਮੈਟ ਵਿੱਚ ਚਾਹਦੀ ਹੈ ਤਾਂ ਕਿਰਪਾ ਕਰਕੇ ਸਾਡੇ ਸਟਾਫ਼ ਨੂੰ ਕਹੋ। ਅਸੀਂ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੇ।

UHCW ਦੀ ਤੰਬਾਕੂਨੋਸ਼ੀ ਮੁਕਤ ਨੀਤੀ ਹੈ।

**ਕੀ ਅਸੀਂ ਸਹੀ ਸਮਝਿਆ?**

ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਨੂੰ ਦੱਸੋ ਕਿ ਤੁਸੀਂ ਸਾਡੀਆਂ ਸੇਵਾਵਾਂ ਬਾਰੇ ਕੀ ਸੋਚਦੇ ਹੋ। ਇਸ ਨਾਲ ਸਾਨੂੰ ਅੱਗੇ ਹੋਰ ਸੁਧਾਰ ਕਰਨ ਅਤੇ ਵਧੀਆ ਸੇਵਾ ਪ੍ਰਦਾਨ ਕਰਨ ਵਾਲੇ ਸਟਾਫ਼ ਮੈਂਬਰਾਂ ਨੂੰ ਮਾਨਤਾ ਦੇਣ ਵਿੱਚ ਮਦਦ ਮਿਲਦੀ ਹੈ।

ਆਪਣੀ ਗੱਲ ਕਹੋ। QR ਕੋਡ ਸਕੈਨ ਕਰੋ ਜਾਂ ਇਸ 'ਤੇ ਜਾਓ:
www.uhcw.nhs.uk/feedback

ਅੱਪਡੇਟ ਕੀਤੀ: ਮਾਰਚ 2025 ਸਮੀਖਿਆ: ਮਾਰਚ 2028 ਵਰਜ਼ਨ: 1.1 ਸੰਦਰਭ: HIC/LFT/2982/24